# ਕਲਾ ਦੇ ਝਰੋਖੇ ਤੋਂ

## ਇਕ ਸੈਮੀਨਾਰ, ਕੁਝ ਸਵਾਲ

ਪੰਜਾਬ ਕਲਾ ਭਵਨ ਵਿਚ 4-5 ਫਰਵਰੀ 1995 ਨੂੰ ਇਕ ਮਹੱਤਵਪੂਰਨ ਸੈਮੀਨਾਰ 'ਸਾਹਿਤ ਅਤੇ ਹਿੰਸਾ' ਬਾਰੇ ਹੋਇਆ। ਸਮੇਂ ਦੀ ਨਜ਼ਾਕਤ ਅਨੁਸਾਰ ਇਹ ਇਕ ਅਹਿਮ ਸੈਮੀਨਾਰ ਸੀ। ਇਸ ਦੀ ਅਹਿਮੀਅਤ ਹੋਰ ਵੀ ਵਧੀ ਕਿਉਂਕਿ ਇਸ ਵਿਚ ਸ੍ਰੀ ਕੇ. ਪੀ. ਐਸ. ਗਿੱਲ, ਵਿਨੋਦ ਦੁੱਗਲ ਅਤੇ ਸ੍ਰੀ ਅਲਫਾਸ ਵਰਗੇ ਪ੍ਰਸ਼ਾਸਨ ਨਾਲ ਜੁੜੇ ਹੋਏ ਲੋਕਾਂ ਦੀ ਵੀ ਸ਼ਮੂਲੀਅਤ ਸੀ ਅਤੇ ਦਿੱਲੀ ਤੇ ਚੰਡੀਗੜ੍ਹ ਦੇ ਪ੍ਰਮੁੱਖ ਸਾਹਿਤਕਾਰ ਵੀ ਹਾਜ਼ਰ ਸਨ। ਪੰਜਾਬ ਦੇ ਮੌਜੂਦਾ ਸਮਾਜਕ ਅਤੇ ਰਾਜਸੀ ਵਰਤਾਰੇ ਵਿਚ ਪੁਲੀਸ ਇਕ ਜ਼ਰੂਰੀ ਭਾਗ ਬਣ ਚੁੱਕੀ ਹੈ। ਇਸ ਕਰ ਕੇ ਇਸ ਫੋਰਸ ਦੇ ਮੁਖੀ ਦਾ ਸੈਮੀਨਾਰ ਵਿਚ ਹੋਣਾ ਇਕ ਵਧੀਆ ਗੱਲ ਸੀ, ਖਾਸ ਕਰ ਕੇ ਇਸ ਮੁਖੀ ਦਾ ਸਾਹਿਤ ਰਸੀਆ ਹੋਣ ਦਾ ਕਾਰਨ ਵੀ ਹੈ।

ਅਖਬਾਰੀ ਰਿਪੋਰਟ ਅਨੁਸਾਰ ਸ੍ਰੀ ਕੇ. ਪੀ. ਐਸ. ਗਿੱਲ, ਜੋ ਪਹਿਲੇ ਦਿਨ ਸੈਮੀਨਾਰ ਦਾ ਮੁੱਖ ਮਹਿਮਾਨ ਸੀ, ਉਸ ਨੇ ਸਮਾਜਕ ਹਿੰਸਾ ਦੇ ਕਾਰਨਾਂ ਉਤੇ ਆਪਣੇ ਤਜਰਬੇ ਦੀ ਬਿਨਾ 'ਤੇ ਰੌਸ਼ਨੀ ਪਾਈ। ਇਹ ਕੁਦਰਤੀ ਸੀ ਕਿ ਜੋ ਵਿਚਾਰ ਉਸ ਨੇ ਪੇਸ਼ ਕੀਤੇ, ਉਹ ਪੰਜਾਬ ਪੁਲੀਸ ਦੀ ਸੋਚਣੀ ਅਤੇ ਕਰਨੀ ਦੇ ਧਾਰਨੀ ਸਨ। ਇਹ ਵੀ ਕੁਦਰਤੀ ਸੀ ਕਿ ਇਸ ਸੋਚਣੀ ਬਾਰੇ ਕੁਝ ਸਵਾਲ ਵੀ ਉਠਣ। ਅਜੀਤ ਕੌਰ, ਜੋ ਕਹਾਣੀ 'ਕੁੱਤੇ' ਦੀ ਲੇਖਿਕਾ ਹੈ ਤੇ ਜਿਸ ਕਹਾਣੀ ਬਾਰੇ ਕਿਹਾ ਜਾ ਸਕਦਾ ਹੈ ਕਿ ਪੁਲੀਸ ਦੀ ਸੋਚਣੀ ਅਤੇ ਕਰਨੀ ਨੂੰ ਨਸ਼ਰ ਕਰਦੀ ਇਹ ਇਕ ਜ਼ੋਰਦਾਰ ਕਹਾਣੀ ਹੈ, - ਇਹ ਕਾਦੀਆਂ ਦੇ ਨੇੜੇ ਹੋਈ ਇਕ ਸੱਚੀ ਵਾਰਦਾਤ 'ਤੇ ਆਧਾਰਤ ਹੈ, ਜਦੋਂ ਪੁਲੀਸ ਚੌਕੀ ਦੇ ਕਰਮਚਾਰੀਆਂ ਨੇ ਪਹਿਲਾਂ ਪਿੰਡ ਦੀ ਇਕ ਕੁੜੀ ਨੂੰ ਅਗਵਾ ਕੀਤਾ ਤੇ ਫਿਰ ਉਹਦੇ ਨਾਲ ਸਮੂਹਕ ਬਲਾਤਕਾਰ ਕੀਤਾ ਅਤੇ ਨਹਿਰ ਵਿਚ ਸੁੱਟ ਦਿੱਤਾ...।

ਜਦੋਂ ਸ੍ਰੀ ਕੇ. ਪੀ. ਐਸ. ਗਿੱਲ ਨੇ ਪੁਲੀਸ ਦੇ ਫਰਜ਼ਾਂ ਦੀ ਗੱਲ ਕੀਤੀ ਤਾਂ ਅਜੀਤ ਕੌਰ ਦਾ ਸਵਾਲ ਕਰਨਾ ਬੜਾ ਕੁਦਰਤੀ ਸੀ। ਸੈਮੀਨਾਰ ਦਾ ਮੰਤਵ ਹੀ ਇਹੀ ਹੁੰਦਾ ਹੈ ਕਿ ਸਵਾਲਾਂ ਜਵਾਬਾਂ ਦੇ ਰਿੜਕਣ ਵਿਚ ਸਚਾਈ ਬਾਹਰ ਆਏ ਪਰ ਉਸ ਨੂੰ ਸਵਾਲ ਕਰਨ ਦੀ ਇਜਾਜ਼ਤ ਨਾ ਦਿੱਤੀ ਗਈ ਅਤੇ ਉਸ ਨੂੰ ਵਾਕਆਊਟ ਕਰਨਾ ਪਿਆ। ਦੂਜੇ ਦਿਨ ਸ੍ਰੀ ਅਲਫਾਸ ਦੀ ਤਕਰੀਰ ਇਸ ਸੈਮੀਨਾਰ ਦਾ ਹਾਸਲ ਸੀ। ਬੇਬਾਕ ਹੋ ਕੇ ਇਕ ਵੱਡੇ ਅਫਸਰ ਨੇ ਅਫਸਰਸ਼ਾਹੀ ਉਤੇ ਇਲਜ਼ਾਮ ਦੀ ਉਂਗਲ ਰੱਖੀ। ਉਸ ਦਾ ਕਹਿਣਾ ਸੀ ਕਿ ਭ੍ਰਿਸ਼ਟਾਚਾਰ ਆਪਣੇ ਆਪ ਵਿਚ ਸਮਾਜ ਉਤੇ ਹਿੰਸਕ ਵਰਤਾਰੇ ਦਾ ਪ੍ਰਤੀਕ ਹੈ ਅਤੇ 99 ਫੀਸਦੀ ਇਸ ਦੀ ਜ਼ਿੰਮੇਵਾਰੀ ਅਫਸਰਸ਼ਾਹੀ ਉਤੇ ਹੈ, ਜੋ ਸਿਆਸਤਦਾਨਾਂ ਦੇ ਹੱਥ-ਬੱਧੇ ਗੁਲਾਮਾਂ ਵਾਂਗ ਵਿਚਰਦੇ ਹਨ। ਡਾ. ਕੇਸਰ ਸਿੰਘ ਕੇਸਰ ਦਾ ਪੇਪਰ ਵੀ ਆਪਣੇ ਆਪ ਵਿਚ ਇਕ ਪ੍ਰਾਪਤੀ ਸੀ। ਇਹੋ ਜਿਹੇ ਸੈਮੀਨਾਰ ਹੋਣੇ ਇਕ ਮੁਬਾਰਕ ਗੱਲ ਹੈ। ਸ਼ਰਤ ਇਹੀ ਹੈ ਕਿ ਇਨ੍ਹਾਂ ਵਿਚ ਸੈਮੀਨਾਰਾਂ ਦੀ ਵਿਸ਼ਾਲਤਾ ਵਾਲੀ ਪਹੁੰਚ ਅਪਣਾਈ ਜਾਏ। ਮੇਜ਼ਬਾਨੀ ਅਤੇ ਮਹਿਮਾਨ ਨਿਵਾਜ਼ੀ ਦੇ ਕਥਿਤ ਸਲੀਕੇ ਸੈਮੀਨਾਰਾਂ ਦੀਆਂ ਪ੍ਰਾਪਤੀਆਂ ਵਿਚ ਰੁਕਾਵਟ ਪਾਉਂਦੇ ਹਨ। ਇਸ ਸੈਮੀਨਾਰ ਨੇ ਸਥਾਪਤ ਕੀਤਾ ਹੈ ਕਿ ਸਾਹਿਤਕਾਰਾਂ ਦੀ ਸਮਾਜਿਕ ਵਰਤਾਰੇ ਨੂੰ ਦਿਸ਼ਾ ਦੇਣ ਵਿਚ ਇਕ ਭੂਮਿਕਾ ਹੈ ਅਤੇ ਉਨ੍ਹਾਂ ਨੂੰ ਇਹ ਭੂਮਿਕਾ ਜ਼ਿੰਮੇਵਾਰੀ ਨਾਲ ਨਿਭਾਉਣ ਦੇ ਯੋਗ ਹੋਣਾ ਚਾਹੀਦਾ ਹੈ।

## ਤਾਨਾਸ਼ਾਹੀ ਦੇ ਪ੍ਰਚਾਰ ਸਾਧਨ

ਬੜੇ ਸਾਲ ਪਹਿਲਾਂ ਇਕ ਕਿਤਾਬ 'ਰੇਪ ਆਫ ਮਾਸਿਜ਼' (ਜਨ ਸਾਧਾਰਨ ਦਾ ਬਲਾਤਕਾਰ) ਜੋ ਕਿਸੇ ਮਨੋਵਿਗਿਆਨੀ ਦੀ ਲਿਖੀ ਹੋਈ ਸੀ ਬੜੀ ਚਰਚਿਤ ਹੋਈ ਸੀ। ਇਸ ਵਿਚ ਉਹ ਸਾਰਾ ਕੁਝ ਬਿਆਨ ਸੀ ਕਿ ਕਿਸ ਤਰ੍ਹਾਂ ਜਰਮਨ ਕੌਮ, ਜੋ ਸਾਇੰਸ ਦੇ ਵਿਕਾਸ ਵਿਚ ਦੁਨੀਆਂ ਦੀ ਸਿਰਮੌਰ ਕੌਮ ਸੀ, ਗੈਰਮਨੁੱਖੀ ਨਾਜ਼ੀ ਫਲਸਫੇ ਦੀ ਸ਼ਿਕਾਰ ਹੋਈ। ਤਾਨਾਸ਼ਾਹ ਵਿਅਕਤੀ ਸਾਇੰਸ ਦੇ ਸਾਧਨਾਂ ਨੂੰ ਪ੍ਰਚਾਰ ਲਈ ਵਰਤ ਕੇ ਸ਼ਖਸੀ ਪੂਜਾ ਦਾ ਮਾਹੌਲ ਬਣਾਉਂਦੇ ਹਨ। ਹਿਟਲਰ ਬਾਰੇ ਹੁਣ ਇਕ ਹੋਰ ਨਵੀਂ ਕਿਤਾਬ ਬੜੀ ਚਰਚਿਤ ਹੋਈ ਹੈ। ਇਹ ਕਿਤਾਬ ਹੈ 'ਹਿਟਲਰ ਦੇ ਨਾਂ ਚਿੱਠੀਆਂ, ਉਹਦੀ ਮੌਤ ਤਕ'। ਇਹ ਇਕ ਅਮਰੀਕਨ ਫੌਜੀ ਵਲੋਂ ਸੰਪਾਦਤ ਕੀਤੀ ਗਈ ਹੈ। 1945 ਵਿਚ ਜੰਗ ਮੁੱਕਣ 'ਤੇ ਹਿਟਲਰ ਦੇ ਚੈਂਬਰ ਵਿਚੋਂ ਇਸ ਫੌਜੀ ਨੂੰ ਬੜੇ ਕਾਗਜ਼ ਲੱਭੇ ਸਨ। ਉਸ ਨੇ ਉਨ੍ਹਾਂ ਨੂੰ ਸਾਂਭਿਆ। ਇਨ੍ਹਾਂ ਵਿਚੋਂ ਬਹੁਤ ਸਾਰੇ ਕਾਗਜ਼ ਚਿੱਠੀਆਂ ਦੀ ਸ਼ਕਲ ਵਿਚ ਹਨ। ਇਹ ਚਿੱਠੀਆਂ ਦੱਸਦੀਆਂ ਹਨ ਕਿ ਉਹ ਸ਼ਖਸ, ਜੋ ਲੱਖਾਂ ਯਹੂਦੀਆਂ ਦਾ ਬੇਰਹਿਮ ਕਾਤਿਲ ਸੀ, ਆਪਣੀ ਪ੍ਰਚਾਰ ਮਸ਼ੀਨਰੀ ਦੀ ਵਿਉਂਤਬੱਧ ਤਰੀਕੇ ਨਾਲ ਵਰਤੋਂ ਕਰ ਕੇ ਸਾਧਾਰਨ ਜਰਮਨਾਂ ਵਿਚ ਕਿਸ ਤਰ੍ਹਾਂ ਪਿਆਰਿਆ ਜਾਂਦਾ ਸੀ। ਇਨ੍ਹਾਂ ਚਿੱਠੀਆਂ ਵਿਚੋਂ ਬਹੁਤੀਆਂ ਜਰਮਨ ਕੁੜੀਆਂ ਦੇ ਪ੍ਰੇਮ ਪੱਤਰ ਕਹੇ ਜਾ ਸਕਦੇ ਹਨ, ਜਿਹੜੀਆਂ ਹਿਟਲਰ 'ਤੇ ਫਿਦਾ ਸਨ। ''ਮੈਂ ਇਕ ਰਾਤ ਤੇਰੇ ਨਾਲ ਇਕ ਹਜ਼ਾਰ ਚੁੰਮਣ ਸਾਂਝਿਆਂ ਕਰਨਾ ਚਾਹੁੰਦੀ ਹਾਂ'', ''ਮੈਂ ਚਾਹੁੰਦੀ ਹਾਂ ਕਿ ਮੇਰੀ ਕੁੱਖ ਵਿਚ ਇਕ ਬੱਚਾ ਹੋਵੇ, ਜੋ ਤੇਰਾ ਤੇ ਸਿਰਫ ਤੇਰਾ ਹੋਵੇ।'' ਇਹ ਚਿੱਠੀਆਂ ਮਨੁੱਖੀ ਵਰਤਾਰੇ ਦੀ ਇਕ ਵੰਨਗੀ ਹਨ। ਇਕ ਬਹੁਤ ਹੀ ਜ਼ਾਲਿਮ ਅਤੇ ਕਠੋਰ ਬੰਦਾ ਆਪਣੇ ਦੇਸ਼ ਦੀਆਂ ਯੁਵਤੀਆਂ ਵਿਚ ਕਿਸ ਤਰ੍ਹਾਂ ਹਰਮਨ ਪਿਆਰਾ ਸੀ। ਹੁਣ ਬਹੁਤ ਸਾਰੀਆਂ ਲਿਖਤਾਂ ਬਾਹਰ ਆ ਰਹੀਆਂ ਹਨ ਜਿਨ੍ਹਾਂ ਵਿਚ ਕਮਿਊਨਿਸਟ ਦੇਸ਼ ਦੇ ਲੀਡਰਾਂ ਬਾਰੇ ਵੀ ਇੰਕਸ਼ਾਫ ਹਨ। ਸ਼ਖਸੀ ਪੂਜਾ ਮਨੋਵਿਗਿਆਨ ਦੀ ਸਾਇੰਸ ਦੇ ਅਨੁਸਾਰ ਤਾਨਾਸ਼ਾਹੀ ਵਰਤਾਰੇ ਦਾ ਇਕ ਜ਼ਰੂਰੀ ਅੰਗ ਹੈ ਤੇ ਵਿਗਿਆਪਕ ਸਾਧਨਾਂ ਨੂੰ ਬੜੀ ਬੇਰਹਿਮੀ ਨਾਲ ਇਸ ਮਤਲਬ ਲਈ ਵਰਤਿਆ ਜਾਂਦਾ ਹੈ, ਇਸ ਬਾਰੇ ਸੁਚੇਤ ਹੋਣਾ ਜ਼ਰੂਰੀ ਹੈ।

## ਆਪਣੇ ਮੂੰਹ ਮੀਆਂ ਮਿੱਠੂ

ਪਿੰਡਾਂ ਵਿਚ ਸਭਿਆਚਾਰਕ ਪ੍ਰੋਗਰਾਮ ਆਯੋਜਿਤ ਕਰਨੇ ਸਭਿਆਚਾਰ ਦੇ ਵਿਕਾਸ ਲਈ ਕਿਸੇ ਵੀ ਪ੍ਰੋਗਰਾਮ ਦਾ ਜ਼ਰੂਰੀ ਅੰਗ ਹਨ। ਇਸ ਵਿਸ਼ੇ 'ਤੇ ਗੱਲ ਕਰਦਿਆਂ ਮੈਂ 22.1.95 ਨੂੰ ਆਪਣੇ ਕਾਲਮ ਵਿਚ ਉਸ ਵਿਧੀ ਦੀ ਗੱਲ ਕੀਤੀ ਸੀ, ਜੋ ਮੈਂ ਸੰਗੀਤ ਨਾਟਕ ਅਕਾਡਮੀ ਦੇ ਪ੍ਰਧਾਨ ਹੋਣ ਵੇਲੇ ਅਪਣਾਈ ਸੀ। ਮੰਤਵ ਆਪਣਾ ਤਜਰਬਾ ਦੱਸਣਾ ਸੀ। ਪਟਿਆਲਾ ਤੋਂ ਇਕ ਪਾਠਕ ਨਰਿੰਦਰ ਪਾਲੀ ਨੇ ਇਤਰਾਜ਼ ਕੀਤਾ ਹੈ ਕਿ ਇਹ ਆਪਣੇ ਮੂੰਹ ਮੀਆਂ ਮਿੱਠੂ ਬਣਨ ਵਾਲੀ ਗੱਲ ਹੈ। ਮੈਨੂੰ ਅਫਸੋਸ ਹੈ ਕਿ ਮੇਰੀ ਉਸ ਲਿਖਤ ਨੇ ਇਹ ਪ੍ਰਭਾਵ ਦਿੱਤਾ ਹੈ।

**ਗੁਰਸ਼ਰਨ ਸਿੰਘ**

12th Feb. 95